
PUNJAB POLICE

# <u>ਪ੍ਰੈਸ ਨੋਟ</u>

ਮਾਣਯੋਗ ਸ੍ਰੀ ਜਸਕਰਨ ਸਿੰਘ, ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਜਲੰਧਰ ਰੇਂਜ ਜਲੰਧਰ ਕੈਂਟ ਜੀ ਵੱਲੋਂ ਪ੍ਰੈਸ ਕਾਨਫਰੰਸ ਰਾਹੀ ਦੱਸਿਆ ਗਿਆ, ਕਿ ਕਪੂਰਥਲਾ ਪੁਲਿਸ ਨੇ ਇੱਕ ਟਰੱਕ ਚੋਰ ਗਿਰੋਹ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਜਿਨ੍ਹਾਂ ਨੇ ਦੱਸਿਆ ਕਿ ਮਿਤੀ ਮਿਤੀ 27/9/17 ਨੂੰ ਸ਼ਾਮ ਨੂੰ ਹਰਦੀਪ ਸਿੰਘ ਪੁੱਤਰ ਸ੍ਰੀ ਗੋਪਾਲ ਸਿੰਘ ਵਾਸੀ ਪਿੰਡ ਉੱਚਾ ਥਾਣਾ ਫੱਤੂਢੀਗਾ ਜੋ ਕਿ ਆਪਣਾ ਟਰੱਕ ਨੰਬਰੀ ਪੀ.ਬੀ 12-ਐਚ. 3344 ਮਾਰਕਾ 2515 ਦੱਸ ਚੱਕੀ ਮਾਡਲ 2005 ਜੋ ਕਿ ਅੱਡਾ ਉੱਚਾ ਵਿਖੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦੇ ਸਾਹਮਣੇ ਖੜਾ ਕਰਕੇ ਰਾਤ 11.00 ਵਜੇ ਕੈਬਨ ਨੂੰ ਲੌਕ ਲਗਾ ਕੇ ਚਲਾ ਗਿਆ ਸੀ। ਜਿਸ ਨੇ ਸਵੇਰੇ ਕਰੀਬ 8.00 ਵਜੇ ਆ ਕੇ ਵੇਖਿਆ, ਤਾਂ ਉਸ ਦਾ ਟਰੱਕ ਮੌਜੂਦ ਨਹੀਂ ਸੀ। ਜਿਸ ਦੇ ਸਬੰਧ ਵਿੱਚ ਮੁ:ਨੰ: 111 ਮਿਤੀ 02-10-17 ਅ/ਧ 379 ਭ;ਦ: ਥਾਣਾ ਫੱਤੂਢੀਂਗਾ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।ਜੋ ਦੌਰਾਨੇ ਤਫਤੀਸ਼ ਦੋਸ਼ੀਆਨ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਸੁਖਦੇਵ ਸਿੰਘ ਅਤੇ ਗੁਰਦੇਵ ਸਿੰਘ ਪੁੱਤਰ ਦਵਿੰਦਰ ਸਿੰਘ ਜੱਟ ਵਾਸੀਆਨ ਪੰਡੋਰੀ ਗੋਲਾ ਥਾਣਾ ਸਦਰ ਤਰਨਤਾਰਨ ਨੂੰ ਗ੍ਰਿਫਤਾਰ ਕੀਤਾ ਗਿਆ।ਜੋ ਇਹ ਦੋਸ਼ੀਆਨ ਨੂੰ ਬਾਅਦ ਗ੍ਰਿਫਤਾਰੀ ਹਵਾਲਾਤ ਬੰਦ ਕੀਤਾ ਗਿਆ ਸੀ।ਜੋ ਮਿਤੀ 06/07-10-17 ਦੀ ਦਰਮਿਆਨੀ ਰਾਤ ਨੂੰ ਥਾਣਾ ਫੱਤੂਢੀਂਗਾ ਦੀ ਹਵਾਲਾਤ ਦੇ ਰੋਸ਼ਨਦਾਨ ਨੂੰ ਤੋੜ ਕੇ ਫਰਾਰ ਹੋ ਗਏ ਸਨ। ਜਿਸ ਦੇ ਸਬੰਧ ਵਿੱਚ ਮੁ:ਨੰ: 116 ਮਿਤੀ 07-10-17 ਅ/ਧ 223/224 ਭ:ਦ: ਥਾਣਾ ਫੱਤੂਢੀਂਗਾ ਉਕਤ ਦੋਸ਼ੀਆਨ ਦੇ ਖਿਲਾਫ ਦਰਜ ਰਜਿਸਟਰ ਕੀਤਾ ਗਿਆ।ਜੋ ਉਕਤ ਦੋਸੀ ਜਾਣ ਸਮੇਂ ਦਾਣਾ ਮੰਡੀ ਫੱਤੂਢੀਂਗਾ ਵਿੱਚੋਂ ਮੋਟਰਸਾਈਕਲ ਨੰ: ਪੀ.ਬੀ.-09ਜੇ-8755 ਚੋਰੀ ਕਰਕੇ ਲੈ ਗਏ ਸਨ।ਜਿਸ ਦੇ ਸਬੰਧ ਵਿੱਚ ਮੁ:ਨੰ: 117 ਮਿਤੀ 08-10-17 ਅ/ਧ 379 ਭ:ਦ: ਥਾਣਾ ਫੱਤੂਢੀਂਗਾ ਦਰਜ ਰਜਿਸਟਰ ਕੀਤਾ ਗਿਆ ਸੀ।ਅੱਜ ਮਿਤੀ 29-10-17 ਨੂੰ ਮੁਖਬਰ ਖਾਸ ਨੇ ਮੁੱਖ ਅਫਸਰ ਥਾਣਾ ਫੱਤੂਢੀਂਗਾ ਨੂੰ ਇਤਲਾਹ ਦਿੱਤੀ ਕਿ ਮ:ਨੰ: 116/17-ਥਾਣਾ ਫੱਤੂਢੀਂਗਾ ਦੀ ਹਵਾਲਾਤ ਵਿੱਚੋਂ ਭੱਜੇ ਦੋਸ਼ੀਆਨ ਗੁਰਦੇਵ ਸਿੰਘ ਪੁੱਤਰ ਦਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਸੁਖਦੇਵ ਸਿੰਘ ਵਾਸੀਆਨ ਪੰਡੋਰੀ ਗੋਲਾ ਥਾਣਾ ਸਦਰ ਤਰਨਤਾਰਨ, ਜੋ ਫੱਤੂਢੀਂਗਾ ਦਾਣਾ ਮੰਡੀ ਤੋਂ ਚੋਰੀ ਕੀਤੇ ਮੋਟਰਸਾਈਲ ਤੇ ਪਿੰਡ ਭੰਡਾਲ ਬੇਟ,ਸੁਰਖਪੁਰ ਵੱਲ ਘੁੰਮਦੇ ਦੇਖੇ ਗਏ ਹਨ।ਜੇਕਰ ਨਾਕਾਬੰਦੀ ਕੀਤੀ ਜਾਵੇ,ਤਾਂ ਦੋਨੋਂ ਕਾਬੂ ਆ ਸਕਦੇ ਹਨ।ਜੋ ਮੁਖਬਰ ਖਾਸ ਦੀ ਇਤਲਾਹ ਤੇ ਇੰਸ: ਪਰਮਿੰਦਰ ਸਿੰਘ ਬਾਜਵਾ,ਮੁੱਖ ਅਫਸਰ ਥਾਣਾ ਫੱਤੂਢੀਂਗਾ ਸਮੇਤ ਪੁਲਿਸ ਪਾਰਟੀ ਬੱਸ ਸਟਾਪ ਖੇੜਾ ਬੇਟ ਪੁੱਜਾ ਅਤੇ ਵਿਉਤਬੰਦ ਤਰੀਕੇ ਨਾਲ ਨਾਕਾਬੰਦੀ ਕਰਕੇ ਵਹੀਕਲਾਂ ਦੀ ਚੈਕਿੰਗ ਸ਼ੁਰੂ ਕੀਤੀ ਗਈ, ਜੋ ਦੌਰਾਨੇ ਨਾਕਾਬੰਦੀ ਵਕਤ ਕਰੀਬ 5.00 ਪੀ.ਐਮ ਵਜੇ ਇੱਕ ਮੋਟਰਸਾਈਕਲ ਪਿੰਡ ਸੁਰਖਪੁਰ ਵੱਲੋਂ ਆ ਰਿਹਾ ਸੀ। ਜਿਸ ਨੂੰ ਇੱਕ ਮੋਨਾਂ ਨੌਜਵਾਨ ਚਲਾ ਰਿਹਾ ਸੀ ਅਤੇ ਸਰਦਾਰ ਆਦਮੀ ਪਿੱਛੇ ਬੈਠਾ ਸੀ। ਜਿਸ ਨੂੰ ਮੁੱਖ ਅਫਸਰ ਥਾਣਾ ਨੇ ਰੁਕਣ ਦਾ ਇਸ਼ਾਰਾ ਕੀਤਾ, ਤਾਂ ਮੋਟਰਸਾਈਕਲ ਚਾਲਕ ਨੇ ਆਪਣਾ ਮੋਟਰਸਾਈਕਲ ਹੇਠਾਂ ਸੁੱਟ ਦਿੱਤਾ ਅਤੇ ਆਪੋ ਆਪਣੀਆਂ ਡੱਬਾਂ ਵਿੱਚੋਂ ਪਿਸਤੌਲ ਕੱਢ ਕੇ ਪੁਲਿਸ ਪਾਰਟੀ ਤੇ ਮਾਰ ਦੇਣ ਦੀ ਨੀਅਤ ਨਾਲ ਫਾਇਰ ਕੀਤੇ,ਪਰ ਪੁਲਿਸ ਪਾਰਟੀ ਵਾਲ-ਵਾਲ ਬਚ ਗਈ,ਤਾਂ ਮੁੱਖ ਅਫਸਰ ਥਾਣਾ ਨੇ ਆਪਣੇ ਅਤੇ ਪੁਲਿਸ ਪਾਰਟੀ ਦੇ ਬਚਾਅ ਲਈ ਆਪਣੇ ਸਰਵਿਸ ਪਿਸਟਲ 9 ਐਮ.ਐਮ ਨਾਲ ਅਤੇ ਏ.ਐਸ.ਆਈ.ਪਰਮਜੀਤ ਸਿੰਘ ਨੇ ਆਪਣੇ ਸਰਵਿਸ ਪਿਸਟਲ 9 ਐਮ.ਐਮ ਨਾਲ ਦੋ-ਦੋ ਫਾਇਰ ਕੀਤੇ ਅਤੇ ਉਕਤ ਦੋਨੋਂ ਭੱਜੇ ਵਿਅਕਤੀਆਂ ਦਾ ਸਾਥੀ ਕਰਮਚਾਰੀਆਂ ਨਾਲ ਭੱਜ ਕੇ ਪਿੱਛਾ ਕੀਤਾ, ਤਾਂ ਉਹ ਦੋਨੋਂ ਨੌਜਵਾਨ ਖੇਤਾਂ ਵਿੱਚ ਮੋਟਰ ਵਾਲੇ ਕਮਰੇ ਵਿੱਚ ਵੜ੍ਹ ਗਏ, ਤਾਂ ਮੁੱਖ ਅਫਸਰ ਥਾਣਾ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਮੋਟਰ ਵਾਲੇ ਕਮਰੇ ਵਿੱਚੋਂ ਬਾਹਰ ਆਉਣ ਦੀ ਅਵਾਜ ਦਿਤੀ, ਤਾਂ ਕਰੀਬ 10 ਮਿੰਟ ਬਾਅਦ ਇਹ ਦੋਨੋਂ ਨੌਜਵਾਨ ਮੋਟਰ ਵਾਲੇ ਕਮਰੇ ਵਿੱਚੋਂ ਬਾਹਰ ਆ ਗਏ ਅਤੇ ਉਹਨਾਂ ਨੂੰ ਅਸਲੇ ਸਮੇਤ ਕਾਬੂ ਕਰ ਲਿਆ।ਜਿਸ ਦੇ ਸਬੰਧ ਵਿੱਚ ਮੁ:ਨੰ: 129 ਮਿਤੀ 29-10-17 ਅ/ਧ 307/353/186/411 ਭ:ਦ: ਅਤੇ 25/54/59 ਅਸਲਾ ਐਕਟ ਥਾਣਾ ਫੱਤੂਢੀਂਗਾ ਦਰਜ ਰਜਿਸਟਰ ਕੀਤਾ ਗਿਆ।ਗ੍ਰਿਫਤਾਰ ਕੀਤੇ ਗਏ ਉਕਤ ਦੋਸ਼ੀਆਂ ਪਾਸੋਂ ਇੱਕ ਚੋਰੀ ਦਾ ਮੋਟਰਸਾਈਕਲ ਹੀਰੋ ਹਾਂਡਾ ਸਪਲੈਂਡਰ ਰੰਗ ਕਾਲਾ ਨੰ: ਪੀ.ਬੀ.-09ਜੇ-8755, 315 ਬੋਰ ਦੇ 02 ਪਿਸਤੌਲ 04 ਜਿੰਦਾ ਕਾਰਤੂਸ 315 ਬੋਰ,02 ਖੋਲ 315 ਬੋਰ ਬਰਾਮਦ ਕੀਤੇ ਗਏ।ਦੌਰਾਨੇ ਪੁੱਛਗਿੱਛ ਦੋਸ਼ੀਆਂ ਨੇ ਇੰਕਸਾਫ ਕੀਤਾ ਕਿ ਮਿਤੀ 01-05-17 ਨੂੰ ਉਹਨਾਂ ਨੇ ਦਾਣਾ ਮੰਡੀ ਰਈਆ ਤੋਂ ਇੱਕ 10 ਟਾਇਰੀ ਟਰੱਕ ਨੰ: ਪੀ.ਬੀ.-19ਸੀ-8605 ਚੋਰੀ ਕੀਤਾ ਸੀ, ਮਹੀਨਾ ਅਗਸਤ-2017 ਦੌਰਾਨ ਉਹਨਾਂ ਵੱਲੋਂ ਥਾਣਾ ਸਿਟੀ ਤਰਨਤਾਰਨ ਦੇ ਏਰੀਆ ਵਿੱਚੋਂ ਇੱਕ ਟਰੱਕ ਚੋਰੀ ਕੀਤਾ ਸੀ, ਮਿਤੀ 16-09-17 ਨੂੰ ਉਹਨਾਂ ਨੇ ਪਿੰਡ ਚੱਬੇ ਕਲਾਂ ਥਾਣਾ ਚੋਹਲਾ ਸਾਹਿਬ ਜਿਲਾ ਤਰਨਤਾਰਨ ਤੋਂ ਇੱਕ ਟਰੱਕ ਨੰ: ਐਮ,ਐਚ-26 ਐਚ-8877 ਚੋਰੀ ਕੀਤਾ, ਮਿਤੀ 28-09-17 ਨੂੰ ਉਹਨਾਂ ਨੇ ਪਿੰਡ ਉੱਚਾ ਬੇਟ ਤੋਂ ਟਰੱਕ ਪੀ.ਬੀ 12-ਐਚ. 3344 ਚੋਰੀ ਕੀਤਾ ਅਤੇ ਮਿਤੀ 06-10-17 ਤੋਂ ਉਹਨਾਂ ਨੇ ਦਾਣਾ ਮੰਡੀ ਫੱਤੂਢੀਂਗਾ ਤੋਂ ਇੱਕ ਮੋਟਰਸਾਈਕਲ ਹੀਰੋ ਹਾਂਡਾ ਸਪਲੈਂਡਰ ਰੰਗ ਕਾਲਾ ਨੰ: ਪੀ.ਬੀ.-09ਜੇ-8755 ਚੋਰੀ ਕੀਤਾ ਹੈ।ਜੋ ਕਿ ਹੁਣ ਤੱਕ 02 ਟਰੱਕ ਅਤੇ ਇੱਕ ਮੋਟਰਸਾਈਕਲ ਬਰਾਮਦ ਕਰ ਲਏ ਗਏ ਹਨ ਅਤੇ ਬਾਕੀ ਚੋਰੀ ਕੀਤੇ ਗਏ ਹੋਰ ਟਰੱਕਾਂ ਦੀ ਬਰਾਮਦਗੀ ਕਰਨੀ ਬਾਕੀ ਹੈ,ਜਿਨ੍ਹਾਂ ਨੂੰ ਜਲਦੀ ਬਰਾਮਦ ਕਰ ਲਿਆ ਜਾਵੇਗਾ।ਦੌਰਾਨੇ ਤਫਤੀਸ਼ ਹੋਰ ਵੀ ਅਹਿਮ ਸੁਰਾਗ ਸਾਹਮਣੇ ਆਉਣ ਦੀ ਪੂਰੀ-ਪੂਰੀ ਸੰਭਾਵਨਾ ਹੈ ਜੀ।

**<u>ਬਰਾਮਦਗੀ ਦਾ ਵੇਰਵਾ:-</u>**

1.ਚੋਰੀ ਸ਼ੁਦਾ ਮੋਟਰਸਾਈਕਲ ਹੀਰੋ ਹਾਂਡਾ ਸਪਲੈਂਡਰ ਰੰਗ ਕਾਲਾ ਨੰ: ਪੀ.ਬੀ.-09ਜੇ-8755
2 02 ਪਿਸਤੌਲ 315 ਬੋਰ
3.04 ਜਿੰਦਾ ਕਾਰਤੂਸ 315 ਬੋਰ,02 ਖੋਲ 315 ਬੋਰ
4.ਚੋਰੀ ਸ਼ੁਦਾ 02 ਟਰੱਕ ਨੰ: ਐਮ.ਐਚ 26ਐਚ-8877, ਪੀ.ਬੀ.-09ਜੇ-8755

**<u>ਦੋਸ਼ੀਆਂ ਦੇ ਖਿਲਾਫ ਪਹਿਲਾਂ ਦਰਜ ਮੁਕੱਦਮੇ:-</u>**

1.ਮੁ:ਨੰ: 81 ਮਿਤੀ 02-05-17 ਅ/ਧ 379 ਭ:ਦ: ਥਾਣਾ ਬਿਆਸ।
2. ਮੁ:ਨੰ: 178 ਮਿਤੀ 19-08-17 ਅ/ਧ 379/411/473/201 ਭ:ਦ: ਥਾਣਾ ਸਿਟੀ ਤਰਨਤਾਰਨ।
3. ਮਿਤੀ 16-09-17 ਨੂੰ ਥਾਣਾ ਚੋਹਲਾ ਸਾਹਿਬ ਜਿਲਾ ਤਰਨਤਾਰਨ ਵਿਖੇ ਚੋਰੀ ਦਾ ਮੁਕੱਦਮਾ।